# ਇੱਕ ਵਾਰ ਜਦੋਂ ਮੈਂ My Home Hospital (ਮਾਈ ਹੋਮ ਹਸਪਤਾਲ) ਵਿੱਚ ਦਾਖਲ ਹੋ ਜਾਵਾਂਗਾ/ਗੀ ਤਾਂ ਕੀ ਹੋਵੇਗਾ?

## ਦਾਖਲ ਹੋਣਾ

ਤੁਹਾਨੂੰ My Home Hospital ਡਾਕਟਰ ਦੀ ਦੇਖ-ਰੇਖ ਹੇਠ My Home Hospital ਵਿੱਚ ਦਾਖਲ ਕਰਵਾਇਆ ਜਾਵੇਗਾ ਜੋ ਤੁਹਾਡੀ ਦੇਖਭਾਲ ਦੀ ਨਿਗਰਾਨੀ ਕਰੇਗਾ।

## ਦੇਖਭਾਲ ਯੋਜਨਾ

My Home Hospital ਕੇਅਰ ਕੋਆਰਡੀਨੇਟਰ ਸਾਰੀਆਂ ਤਜਰਬੇਕਾਰ ਨਰਸਾਂ ਹਨ ਅਤੇ ਤੁਹਾਡੀ ਦੇਖਭਾਲ ਯੋਜਨਾ ਨੂੰ ਤੁਹਾਡੇ, ਤੁਹਾਡੀ ਦੇਖਭਾਲ ਕਰਨ ਵਾਲੇ ਅਤੇ ਸਿਹਤ ਸੰਭਾਲ ਟੀਮ ਨਾਲ ਸਾਂਝੇਦਾਰੀ ਵਿੱਚ ਵਿਕਸਿਤ ਕਰਨਗੀਆਂ।

## ਪਹਿਲੀ ਘਰ ਵਿੱਚ ਫੇਰੀ

ਤੁਹਾਨੂੰ ਸ਼ੁਰੂਆਤੀ ਦੇਖਭਾਲ ਪ੍ਰਦਾਨ ਕਰਨ ਲਈ ਇੱਕ ਨਰਸ ਤੁਹਾਡੇ ਘਰ ਆਵੇਗੀ। ਉਹ ਤੁਹਾਡੀ ਘਰੇਲੂ ਸਿਹਤ ਤਕਨਾਲੋਜੀ ਨੂੰ ਵੀ ਸਥਾਪਤ ਕਰਨਗੇ ਅਤੇ ਤੁਹਾਨੂੰ (ਅਤੇ ਤੁਹਾਡੇ ਅਜ਼ੀਜ਼ਾਂ ਜਾਂ ਦੇਖਭਾਲ ਕਰਨ ਵਾਲੇ) ਨੂੰ ਦਿਖਾਉਣਗੇ ਕਿ ਇਸਦੀ ਵਰਤੋਂ ਕਿਵੇਂ ਕਰਨੀ ਹੈ। ਇਸ ਵਿੱਚ ਤੁਹਾਡੇ ਤਾਪਮਾਨ, ਖ਼ੂਨ ਦਾ ਦਬਾਅ (ਬਲੱਡ ਪ੍ਰੈਸ਼ਰ) ਅਤੇ ਨਬਜ਼ ਵਰਗੀਆਂ ਸਿਹਤ ਜਾਂਚਾਂ ਨੂੰ ਮਾਪਣ ਅਤੇ ਰਿਕਾਰਡ ਕਰਨ ਲਈ ਇੱਕ ਟੱਚ-ਸਕ੍ਰੀਨ ਟੈਬਲੇਟ ਅਤੇ ਉਪਕਰਣ ਸ਼ਾਮਲ ਹਨ।

## ਇਲਾਜ

My Home Hospital ਦੀਆਂ ਨਰਸਾਂ ਜਾਂ ਹੋਰ ਸਿਹਤ ਸੰਭਾਲ ਪੇਸ਼ੇਵਰ, ਜਿਨ੍ਹਾਂ ਵਿੱਚ ਡਾਕਟਰ ਸ਼ਾਮਲ ਹੋ ਸਕਦੇ ਹਨ, ਤੁਹਾਨੂੰ ਲੋੜੀਂਦੀ ਦੇਖਭਾਲ ਪ੍ਰਦਾਨ ਕਰਨ ਲਈ ਰੋਜ਼ਾਨਾ ਤੁਹਾਡੇ ਘਰ ਆਉਣਗੇ। ਸਾਰੀਆਂ ਮੁਲਾਕਾਤਾਂ ਦਾ ਤਾਲਮੇਲ My Home Hospital ਕੇਅਰ ਕੋਆਰਡੀਨੇਟਰ ਦੁਆਰਾ ਕੀਤਾ ਜਾਵੇਗਾ।

## ਡਿਸਚਾਰਜ (ਛੁੱਟੀ ਮਿਲਣਾ)

ਜਿਵੇਂ ਹੀ ਤੁਹਾਡੀ ਹਾਲਤ ਵਿੱਚ ਸੁਧਾਰ ਹੁੰਦਾ ਹੈ ਤੁਹਾਡੇ ਡਾਕਟਰ My Home Hospital ਤੋਂ ਛੁੱਟੀ ਮਿਲਣ (ਤੁਹਾਡੇ ਡਿਸਚਾਰਜ) ਬਾਰੇ ਤੁਹਾਡੇ ਨਾਲ ਗੱਲ ਕਰਨਾ ਸ਼ੁਰੂ ਕਰ ਦੇਣਗੇ।

## ਅਗਲੇ ਕਦਮ

ਇਹ My Home Hospital ਕੇਅਰ ਕੋਆਰਡੀਨੇਟਰ ਤੁਹਾਡੇ ਡਾਕਟਰ (ਜੀਪੀ) ਅਤੇ ਹੋਰ ਦੇਖਭਾਲ ਪ੍ਰਦਾਤਾਵਾਂ ਨਾਲ ਕੰਮ ਕਰੇਗਾ ਤਾਂ ਜੋ ਤੁਹਾਡੀ ਆਮ ਸਿਹਤ ਸੰਭਾਲ ਟੀਮ ਵਿੱਚ ਸੁਚਾਰੂ ਤਬਦੀਲੀ ਨੂੰ ਵਾਪਸ ਯਕੀਨੀ ਬਣਾਇਆ ਜਾ ਸਕੇ।

ਹੋਰ ਜਾਣਕਾਰੀ ਲਈ:

ਵੈੱਬਸਾਈਟ 'ਤੇ ਜਾਓ
**myhomehospital.sa.gov.au**

ਜਾਂ ਸਾਨੂੰ ਇਸ 'ਤੇ ਕਾਲ ਕਰੋ
**1800 111 644**

My Home Hospital ਦੇ ਮਰੀਜ਼ਾਂ ਲਈ:

**ਜੇਕਰ ਤੁਹਾਨੂੰ ਚਿੰਤਾਵਾਂ ਹਨ ਜਾਂ ਤੁਹਾਡੀ ਹਾਲਤ ਬਦਲਦੀ ਹੈ, ਤਾਂ My Home Hospital ਦੀ ਤੁਰੰਤ ਸਹਾਇਤਾ ਲਾਈਨ 'ਤੇ ਫ਼ੋਨ ਕਰੋ:**

**1800 000 644**

**ਮੈਡੀਕਲ ਐਮਰਜੈਂਸੀ ਵਿੱਚ, ਟ੍ਰਿਪਲ ਜ਼ੀਰੋ (000) ਨੂੰ ਤੁਰੰਤ ਫ਼ੋਨ ਕਰੋ।**

ਪਬਲਿਕ - I1 - A1

BY NC ND
https://creativecommons.org/licenses

©SA Health, Government of South Australia.
ਸਾਰੇ ਹੱਕ ਰਾਖਵੇਂ ਹਨ।
FIS: 21012.1 ਛਪਾਈ: ਸਤੰਬਰ 2021

Government of South Australia
SA Health

# My Home Hospital

Punjabi | ਪੰਜਾਬੀ



**My Home Hospital ਇੱਕ ਜਨਤਕ ਹਸਪਤਾਲ ਸੇਵਾ ਹੈ ਜੋ ਤੁਹਾਡੇ ਘਰ ਦੇ ਆਰਾਮ ਅਤੇ ਨਿੱਜਤਾ ਵਿੱਚ ਤੁਹਾਡੇ ਲਈ ਹਸਪਤਾਲ-ਪੱਧਰ ਦੀ ਦੇਖਭਾਲ ਲਿਆਉਂਦੀ ਹੈ।**

Government of South Australia
SA Health

# My Home Hospital ਕੀ ਹੈ ?

My Home Hospital ਇੱਕ ਜਨਤਕ ਹਸਪਤਾਲ-ਪੱਧਰ ਦੀ ਸੇਵਾ ਹੈ, ਜੋ ਲੋਕਾਂ ਨੂੰ ਉਹਨਾਂ ਦੇ ਆਪਣੇ ਘਰ ਦੇ ਆਰਾਮ ਸੁੱਖ ਅਤੇ ਨਿੱਜਤਾ ਵਿੱਚ ਡਾਕਟਰੀ ਦੇਖਭਾਲ ਪ੍ਰਦਾਨ ਕਰਦੀ ਹੈ।

My Home Hospital ਸੇਵਾ:

- ਯੋਗ ਜਨਤਕ ਮਰੀਜ਼ਾਂ ਲਈ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਬਿਨਾਂ ਕਿਸੇ ਖਰਚੇ ਦੇ ਉਪਲਬਧ ਹੈ
- ਤੁਹਾਨੂੰ ਗੰਭੀਰ ਸਿਹਤ ਸਥਿਤੀਆਂ ਲਈ ਘਰ ਵਿੱਚ ਹੀ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਹੈ ਜਿਸ ਦੇਖਭਾਲ ਨੂੰ ਘਰ ਵਿੱਚ ਸੁਰੱਖਿਅਤ ਅਤੇ ਉਚਿਤ ਮੰਨਿਆ ਜਾਂਦਾ ਹੈ
- ਡਾਕਟਰਾਂ, ਨਰਸਾਂ, ਸਹਾਇਕ ਸਿਹਤ ਪ੍ਰੈਕਟੀਸ਼ਨਰਾਂ, ਕੁੱਝ ਐਕਸ-ਰੇ ਅਤੇ ਖੂਨ ਦੇ ਟੈਸਟ, ਦਵਾਈਆਂ ਅਤੇ ਹੋਰ ਸਹਾਇਤਾ ਸੇਵਾਵਾਂ ਜਿਵੇਂ ਕਿ ਭੋਜਨ ਅਤੇ ਨਿੱਜੀ ਦੇਖਭਾਲ, ਜੇ ਲੋੜ ਹੋਵੇ, ਦੇ ਰੂਪ ਵਿੱਚ ਦੇਖਭਾਲ ਲਿਆਉਂਦੀ ਹੈ।
- ਤੁਹਾਡੇ ਅਤੇ ਤੁਹਾਡੀ ਆਮ ਸਿਹਤ ਸੰਭਾਲ ਟੀਮ ਦੇ ਨਾਲ ਸਾਂਝੇਦਾਰੀ ਵਿੱਚ ਵਿਕਸਤ ਵਿਅਕਤੀਗਤ ਦੇਖਭਾਲ ਯੋਜਨਾਵਾਂ ਦੀ ਪੇਸ਼ਕਸ਼ ਕਰਦੀ ਹੈ

## ਕੀ ਮੈਂ My Home Hospital ਲਈ ਯੋਗ ਹਾਂ?

My Home Hospital ਲਈ ਯੋਗ ਹੋਣ ਲਈ, ਤੁਹਾਨੂੰ ਇਹ ਕਰਨ ਦੀ ਲੋੜ ਹੈ:

- ✓ ਆਪਣੀ ਸਹਿਮਤੀ ਦੇਣ ਦੀ; ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਜੇਕਰ ਤੁਸੀਂ ਘਰ ਵਿੱਚ ਇਲਾਜ ਕਰਵਾਉਣਾ ਚੁਣਦੇ ਹੋ
- ✓ ਤੁਹਾਡੇ ਡਾਕਟਰ (ਜੀਪੀ), ਮਾਹਰ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ SA ਐਂਬੂਲੈਂਸ ਸਰਵਿਸ (SAAS), ਕਿਸੇ ਐਮਰਜੈਂਸੀ ਵਿਭਾਗ ਜਾਂ ਹਸਪਤਾਲ ਤੋਂ ਭੇਜੇ ਜਾਣ ਦਾ ਪ੍ਰਬੰਧ (ਰੈਫਰ) ਕੀਤਾ ਜਾਵੇ।
- ✓ ਉਹਨਾਂ ਹਾਲਤਾਂ ਲਈ ਹਸਪਤਾਲ–ਪੱਧਰ ਦੀ ਦੇਖਭਾਲ ਦੀ ਲੋੜ ਹੁੰਦੀ ਹੈ ਜਿਹਨਾਂ ਲਈ ਘਰ ਅਧਾਰਿਤ ਹਸਪਤਾਲ ਦੀ ਦੇਖਭਾਲ ਸੁਰੱਖਿਅਤ ਅਤੇ ਉਚਿਤ ਹੈ
- ✓ ਐਡੀਲੇਡ ਮੈਟਰੋਪੋਲੀਟਨ ਖੇਤਰ ਦੇ ਅੰਦਰ ਜਾਂ ਚੁਣੇ ਹੋਏ ਅਰਧ–ਸ਼ਹਿਰੀ ਖੇਤਰਾਂ ਵਿੱਚ ਰਹਿੰਦੇ ਹੋ
- ✓ ਫ਼ੋਨ ਕਾਲ ਕਰਨ ਅਤੇ ਚੁੱਕਣ ਲਈ ਮੋਬਾਈਲ ਫ਼ੋਨ ਜਾਂ ਲੈਂਡਲਾਈਨ ਤੱਕ ਪਹੁੰਚ ਹੋਣੀ ਚਾਹੀਦੀ ਹੈ
- ✓ ਤੁਹਾਡੇ ਆਪਣੇ ਲਈ ਅਤੇ ਸਿਹਤ ਪੇਸ਼ੇਵਰਾਂ ਲਈ ਇੱਕ ਸੁਰੱਖਿਅਤ ਘਰੇਲੂ ਵਾਤਾਵਰਣ ਹੋਣਾ ਚਾਹੀਦਾ ਹੈ ਜੋ ਸੇਵਾ ਪ੍ਰਦਾਨ ਕਰਦੇ ਹਨ।

## ਮੈਂ My Home Hospital ਤੱਕ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਜੇਕਰ ਤੁਹਾਨੂੰ My Home Hospital ਵਿੱਚ ਭੇਜਣ ਦਾ ਪ੍ਰਬੰਧ (ਰੈਫਰ) ਕੀਤਾ ਜਾਂਦਾ ਹੈ, ਤਾਂ ਕੇਅਰ ਕੋਆਰਡੀਨੇਟਰਾਂ ਵਿੱਚੋਂ ਕੋਈ ਯੋਗਤਾ ਦੇ ਮਾਪਦੰਡਾਂ ਬਾਰੇ ਚਰਚਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ, ਜਿਸ ਵਿੱਚ ਉੱਪਰ ਸੂਚੀਬੱਧ ਕੀਤੇ ਗਏ ਮਾਪਦੰਡ ਵੀ ਸ਼ਾਮਲ ਹਨ।

ਤੁਹਾਡੇ ਕੋਲ ਕੋਈ ਵੀ ਸਵਾਲ ਪੁੱਛਣ ਦਾ ਮੌਕਾ ਹੋਵੇਗਾ ਜੋ ਤੁਹਾਡੇ, ਤੁਹਾਡੇ ਅਜ਼ੀਜ਼ਾਂ ਜਾਂ ਦੇਖਭਾਲ ਕਰਨ ਵਾਲੇ ਦੇ ਹੋ ਸਕਦੇ ਹਨ। ਜੇ ਜ਼ਰੂਰੀ ਹੋਵੇ, ਤਾਂ ਕੇਅਰ ਕੋਆਰਡੀਨੇਟਰ ਹੋਰ ਜਾਣਕਾਰੀ ਲਈ ਭੇਜੇ ਜਾਣ ਵਾਲੇ (ਰੈਫਰਰ) ਨਾਲ ਵੀ ਸੰਪਰਕ ਕਰੇਗਾ।

ਸਾਨੂੰ ਲੋੜੀਂਦੀ ਸਾਰੀ ਜਾਣਕਾਰੀ ਪ੍ਰਾਪਤ ਹੋਣ ਦੇ 30 ਮਿੰਟਾਂ ਦੇ ਅੰਦਰ, My Home Hospital ਜਾਂ ਤਾਂ ਤੁਹਾਨੂੰ ਸੇਵਾ ਵਿੱਚ ਸਵੀਕਾਰ ਕਰੇਗਾ ਅਤੇ ਤੁਹਾਨੂੰ ਦੱਸੇਗਾ ਕਿ ਤੁਹਾਡੇ ਲਈ ਪਹਿਲੀ ਮੁਲਾਕਾਤ ਕਦੋਂ ਹੋਵੇਗੀ, ਜਾਂ ਵਿਕਲਪਕ ਪ੍ਰਬੰਧਾਂ ਬਾਰੇ ਚਰਚਾ ਕਰਨ ਲਈ ਭੇਜੇ ਜਾਣ ਵਾਲੇ (ਰੈਫਰਰ) ਨਾਲ ਸੰਪਰਕ ਕਰੋ।

## ਮੈਂ My Home Hospital ਕਿਉਂ ਚੁਣਾਂ?

ਤੁਸੀਂ ਆਪਣੇ ਘਰ ਦੇ ਸੁੱਖ-ਆਰਾਮ ਵਿੱਚ ਦੇਖਭਾਲ ਪ੍ਰਾਪਤ ਕਰਨ ਦੇ ਯੋਗ ਹੋਵੋਗੇ ਅਤੇ ਅਜ਼ੀਜ਼ਾਂ ਅਤੇ ਪਾਲਤੂ ਜਾਨਵਰਾਂ ਨਾਲ ਵਧੇਰੇ ਸਮਾਂ ਬਿਤਾ ਸਕੋਗੇ।

ਤੁਸੀਂ ਆਪਣੇ ਬਿਸਤਰੇ ਵਿੱਚ ਸੌਂ ਸਕੋਗੇ ਅਤੇ ਆਪਣੀ ਪਸੰਦ ਦਾ ਭੋਜਨ ਖਾ ਸਕੋਗੇ।

My Home Hospital ਸਾਊਥ ਆਸਟ੍ਰੇਲੀਆ ਦਾ ਇੱਕ ਪਬਲਿਕ ਹਸਪਤਾਲ ਹੈ ਅਤੇ ਕਲੀਨਿਕਲ ਦੇਖਭਾਲ, ਮਰੀਜ਼ ਦੀ ਸੁਰੱਖਿਆ ਅਤੇ ਤੁਹਾਡੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਲਈ ਉਹੀ ਉੱਚ ਮਿਆਰਾਂ ਨੂੰ ਪੂਰਾ ਕਰਦਾ ਹੈ।

ਅਜ਼ੀਜ਼ ਅਤੇ ਦੋਸਤ ਤੁਹਾਨੂੰ ਮਿਲਣ ਲਈ ਉੱਥੇ ਆ ਸਕਦੇ ਹਨ, ਜਦੋਂ ਵੀ ਅਜਿਹਾ ਕਰਨਾ ਤੁਹਾਡੇ ਲਈ ਢੁੱਕਵਾਂ ਹੁੰਦਾ ਹੈ।

